This question paper contains 3 printed pages]

*Your Roll No.................*

**4690**

**B.A. (PROGRAMME)/III** C

PUNJABI DISCIPLINE—Paper III

**(Compulsory)**

(Admissions of 2004/2006 and after in respect

of the students of regular colleges/NCWEB.)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat.'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ** :– ਸਾਰੇ ਸਵਾਲ ਜ਼ਰੂਰੀ ਹਨ ।

1. ਕਿਸੇ **ਇਕ** ਕਾਵਿ-ਬੰਦ ਦੀ ਵਿਆਖਿਆ ਕਰੋ :

(ੳ) ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥

ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

ਤ੍ਰਿਖਾ ਨ ਉਤਰੈ ਸਾਂਤਿ ਨਾ ਆਵੈ ਬਿਨ ਦਰਸਨ ਸੰਤ ਪਿਆਰੇ ਜੀਉ ॥੧॥

ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੨॥ ਰਹਾਉ ।

P.T.O.

(ਅ) ਤੇਰੇ ਇਸ਼ਕ ਨਚਾਇਆਂ ਕਰ ਥਈਆ ਥਈਆ । ਟੇਕ ।

ਤੇਰੇ ਇਸ਼ਕ ਨੇ ਡੇਰਾ ਮੇਰੇ ਅੰਦਰ ਕੀਤਾ ।

ਭਰ ਕੇ ਜ਼ਹਿਰ ਪਿਆਲਾ ਮੈਂ ਤਾਂ ਆਪੇ ਪੀਤਾ ।

ਝਬਦੇ ਬਹੁੜੀ ਵੇ ਤਬੀਬਾ ਨਹੀਂ ਤੇ ਮੈਂ ਮਰ ਗਈਆਂ ।

ਤੇਰੇ ਇਸ਼ਕ ਨਚਾਈਆਂ ਕਰ ਥਈਆ ਥਈਆ । 5

2. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਦੀ ਵਿਆਖਿਆ ਕਰੋ :

(ੳ) ਬੁਝਾਰਤਾਂ ਦੀ ਉਤਪੱਤੀ ਕਿਵੇਂ ਹੁੰਦੀ ਹੈ ? ਇਹਨਾਂ ਦੀਆਂ ਸਾਂਝੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ ।

(ਅ) 'ਭੰਡਾਂ ਦੀ ਭੰਡੀ ਤੇ ਮੀਡੀਏ ਦੀ ਮਾਰ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ ।

(ੲ) "ਮਨੁੱਖ ਸਭ ਪੁਤਲੀਆਂ ਹਨ, ਰੱਬ ਸੂਤਰਧਾਰ ਹੈ" ਕਿਵੇਂ ? 15

3. ਕੀ ਮੇਰਾ ਪਾਕਿਸਤਾਨੀ ਸਫ਼ਰਨਾਮਾ ਨੂੰ ਇਕ ਉੱਤਮ ਸਫ਼ਰਨਾਮਾ ਕਿਹਾ ਜਾ ਸਕਦਾ ਹੈ ?

**ਜਾਂ**

'ਮੇਰਾ ਪਾਕਿਸਤਾਨੀ ਸਫ਼ਰਨਾਮਾ' ਲੇਖਕ ਬਲਰਾਜ ਸਾਹਨੀ ਦਾ ਇਕ ਸੰਵੇਦਨਾ ਮੂਲਕ ਪ੍ਰਗਟਾਵਾ ਹੈ, ਚਰਚਾ ਕਰੋ । 15

4. ਗੁਰੂ ਤੇਗ਼ ਬਹਾਦੁਰ ਸਾਹਿਬ ਦੇ ਜੀਵਨ ਅਤੇ ਰਚਨਾ ਬਾਰੇ ਵਿਸਥਾਰ ਸਹਿਤ ਚਰਚਾ ਕਰੋ ।

ਜਾਂ

ਬੁਲ੍ਹੇ ਸ਼ਾਹ ਕਿਸ ਤਰ੍ਹਾਂ ਦੇ ਸੂਫ਼ੀ ਅਨੁਭਵ ਨਾਲ ਜੁੜਿਆ ਹੈ ਉਸਦੀ ਰਚਨਾ ਦੇ ਆਧਾਰ 'ਤੇ ਵਿਚਾਰ ਕਰੋ । 10

5. ਰਸ ਕਿਸਨੂੰ ਕਹਿੰਦੇ ਹਨ ? ਰਸ ਦੇ ਸਰੂਪ ਤੇ ਸਿਧਾਂਤ ਦੀ ਆਪਣੇ ਸ਼ਬਦਾਂ ਵਿਚ ਵਿਆਖਿਆ ਕਰੋ । 7

6. ਕਿਸੇ **ਇਕ** ਵਿਸ਼ੇ ਉਪਰ ਨੋਟ ਲਿਖੋ :

ਨਿਕੀ ਕਹਾਣੀ, ਨਜ਼ਮ, ਨਾਵਲ । । 8

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਉ । (**50** ਸ਼ਬਦਾਂ ਵਿਚ) :

(ੳ) 'ਮੋਤੀ ਤ ਮੰਦਰ ਊਸਰਹਿ' ਸ਼ਬਦ ਦੁਆਰਾ ਗੁਰੂ ਨਾਨਕ ਦੇਵ ਕੀ ਸੁਨੇਹਾ ਦਿੰਦੇ ਹਨ ?

(ਅ) ਰਚਨਾ ਤੇ ਸਰੰਚਨਾ ਤੋਂ ਕੀ ਭਾਵ ਹੈ ?

(ੲ) 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦਾ ਲੇਖਕ ਮੂਲ ਤੌਰ ਤੇ ਕਿਸ ਕਿੱਤੇ ਨਾਲ ਜੁੜਿਆ ਹੈ ਅਤੇ ਪਾਕਿਸਤਾਨ ਨਾਲ ਉਸਦਾ ਕੀ ਸੰਬੰਧ ਹੈ ?

(ਸ) ਲੋਕ ਸਾਹਿਤ ਕੀ ਹੁੰਦਾ ਹੈ ?

(ਹ) ਕਾਫ਼ੀ ਕਾਵਿ-ਰੂਪ ਬਾਰੇ ਜਾਣਕਾਰੀ ਦਿਉ । $3 \times 5 = 15$